Roll No. ..... Total Pages : 3

11442

LMDQ/M–24

ADHUNIK PUNJABI KAVITA

(1961 TO HUN TAK)

Paper–MAPBI–401

Time : 3 Hours] [Maximum Marks : 80

ਨੋਟ : (i) **ਪਹਿਲਾ** ਪ੍ਰਸ਼ਨ ਲਾਜ਼ਮੀ ਹੈ।

(ii) ਵਿਦਿਆਰਥੀ ਨੇ ਹਰ ਇਕਾਈ ਵਿਚੋਂ **ਇੱਕ** ਸੁਆਲ ਕਰਨਾ ਹੈ।

(iii) ਹਰ ਸੁਆਲ 16 ਨੰਬਰ ਦਾ ਹੈ।

1. ਹੇਠ ਲਿਖੇ ਚਾਰੇ ਸੁਆਲਾਂ ਦੇ ਜੁਆਬ ਸੰਖੇਪ ਵਿਚ ਦਿਓ। ਹਰ ਸੁਆਲ ਦਾ ਜੁਆਬ ਇਕ ਪੰਨੇ ਤੱਕ ਹੋਵੇ :

(ੳ) 1980ਵਿਆਂ ਵਿਚ ਪੰਜਾਬੀ ਕਵਿਤਾ ਵਿਚ ਵਿਸ਼ੇ ਪੱਖੋਂ ਕਿਹੜੇ ਪਰਿਵਰਤਨ ਵਾਪਰਦੇ ਹਨ?

(ਅ) 'ਆਦਿ ਧਰਮ' ਕਵਿਤਾ ਦਾ ਵਿਸ਼ਾ ਕੀ ਹੈ?

(ੲ) ਸੁਰਜੀਤ ਪਾਤਰ ਦੀ ਕਾਵਿ ਸੰਵੇਦਨਾ ਉੱਪਰ ਸੰਖੇਪ ਨੋਟ ਲਿਖੋ।

(ਸ) ਲੂਣਾ ਵਿਚ ਸ਼ਿਵ 'ਅੱਗ' ਅਤੇ 'ਸੱਪ' ਦਾ ਪ੍ਰਤੀਕ ਕਿਸ ਸੰਦਰਭ ਵਿਚ ਵਰਤਦਾ ਹੈ? (4×4=16)

ਇਕਾਈ–I

2. 21ਵੀਂ ਸ਼ਤਾਬਦੀ ਵਿਚ ਪੰਜਾਬੀ ਕਵਿਤਾ ਕਿਹੜੇ ਮਾਨਵੀ ਸਰੋਕਾਰਾਂ ਨੂੰ ਸੰਬੋਧਿਤ ਹੋ ਰਹੀ ਹੈ? ਵਿਸਥਾਰ ਵਿਚ ਦੱਸੋ।

3. 1960 ਤੋਂ ਬਾਅਦ ਰਚੀ ਗਈ ਪੰਜਾਬੀ ਕਵਿਤਾ ਦੀ ਸੁਹਜ ਸੰਵੇਦਨਾ ਉੱਪਰ ਨੋਟ ਲਿਖੋ। (16×1=16)

ਇਕਾਈ–II

4. 'ਕਾਗਜ਼ ਤੇ ਕੈਨਵਸ' ਦੇ ਆਧਾਰ 'ਤੇ ਅੰਮ੍ਰਿਤਾ ਕਾਵਿ ਦੀ ਨਾਰੀ ਸੰਵੇਦਨਾ ਬਾਰੇ ਚਰਚਾ ਕਰੋ।

5. 'ਕਾਗਜ਼ ਤੇ ਕੈਨਵਸ' ਦੀਆਂ ਕਵਿਤਾਵਾਂ ਦੇ ਪ੍ਰਤੀਕ ਵਿਧਾਨ ਬਾਰੇ ਜਾਣਕਾਰੀ ਦਿਓ। (16×1=16)

ਇਕਾਈ–III

6. ਸ਼ਿਵ ਰਚਿਤ 'ਲੂਣਾ' ਦੇ ਰਚਨਾ ਵਿਧਾਨ ਦੀ ਵੱਖਰੀ ਜੁਗਤ ਹੀ ਇਸਨੂੰ ਇਸ ਵਿਸ਼ੇ ਉੱਪਰ ਲਿਖੀਆਂ ਪਰੰਪਰਾਗਤ ਲਿਖਤਾਂ ਨਾਲੋਂ ਵਖਰਿਆਉਂਦੀ ਹੈ। ਇਸ ਕਥਨ ਦੀ ਪੁਸ਼ਟੀ ਦਲੀਲਾਂ ਸਹਿਤ ਕਰੋ।

7. ਸ਼ਿਵ ਕੁਮਾਰ ਨੇ 'ਲੂਣਾ' ਵਿਚ ਔਰਤ ਨੂੰ ਕੇਂਦਰ ਬਣਾ ਕੇ ਨਵੇਂ ਮਨੁੱਖੀ ਰਿਸ਼ਤੇ ਨਾਤੇ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ? ਮਿਸਾਲਾਂ ਸਹਿਤ ਉੱਤਰ ਦਿਓ। (16×1=16)

ਇਕਾਈ–IV

8. ‘ਲਫ਼ਜ਼ਾਂ ਦੀ ਦਰਗਾਹ’ ਦੇ ਆਧਾਰ ਤੇ ਸੁਰਜੀਤ ਪਾਤਰ ਦੀ ਕਾਵਿ ਦ੍ਰਿਸ਼ਟੀ ਉੱਪਰ ਨੋਟ ਲਿਖੋ।

9. ‘ਲਫ਼ਜ਼ਾਂ ਦੀ ਦਰਗਾਹ’ ਦੇ ਬਿੰਬ ਵਿਧਾਨ ਬਾਰੇ ਜਾਣਕਾਰੀ ਦਿਓ। (16×1=16)